# Baqsimi®

glucagon nasal powder 3 mg




ਜਦੋਂ ਤੱਕ ਤੁਸੀਂ ਵਰਤੋਂ ਲਈ ਤਿਆਰ ਨਾ ਹੋਵੇ BAQSIMI ਨੂੰ ਸ਼੍ਰਿੰਕ-ਰੈਪ ਕੀਤੀ ਟਿਊਬ ਵਿੱਚ ਰੱਖੋ।

### ਬਲੱਡ ਸ਼ੂਗਰ ਘੱਟ ਜਾਣ ਦੀਆਂ ਐਮਰਜੈਂਸੀਆਂ ਲਈ

# BAQSIMI ਨਾਲ ਤਿਆਰ ਰਹੋ

ਜੇ ਤੁਹਾਨੂੰ ਡਾਇਬਿਟੀਜ਼ ਹੈ ਅਤੇ ਤੁਸੀਂ ਇਨਸੂਲਿਨ ਲੈ ਰਹੇ ਹੋ, ਤਾਂ ਤੁਸੀਂ ਬਲੱਡ ਸ਼ੂਗਰ ਘੱਟ ਜਾਣ ਦੀ ਐਮਰਜੈਂਸੀ (ਗੰਭੀਰ ਹਾਈਪੋਗਲਾਈਸੀਮੀਆ) ਲਈ ਤਿਆਰ ਹੋ ਸਕਦੇ ਹੋ।

**ਬਲੱਡ ਸ਼ੂਗਰ ਘੱਟ ਜਾਣ ਦੀਆਂ ਐਮਰਜੈਂਸੀਆਂ ਅਤੇ BAQSIMI ਬਾਰੇ ਹੋਰ ਜਾਣਨ ਲਈ ਅੰਦਰ ਦੇਖੋ।**

BAQSIMI® ਇੱਕ ਅਜਿਹੀ ਦਵਾਈ ਹੈ ਜੋ ਬਲੱਡ ਸ਼ੂਗਰ ਦੇ ਗੰਭੀਰ ਰੂਪ ਵਿੱਚ ਘੱਟ ਜਾਣ ਦਾ ਇਲਾਜ ਕਰਨ ਲਈ ਵਰਤੀ ਜਾਂਦੀ ਹੈ। ਇਸ ਨੂੰ ਗੰਭੀਰ ਹਾਈਪੋਗਲਾਈਸੀਮੀਆ ਕਿਹਾ ਜਾਂਦਾ ਹੈ। ਇਹ ਬਾਲਗਾਂ ਅਤੇ 4 ਸਾਲ ਜਾਂ ਵੱਧ ਉਮਰ ਦੇ ਬੱਚਿਆਂ ਵਿੱਚ ਵਰਤੀ ਜਾਂਦੀ ਹੈ ਜੋ ਡਾਇਬਿਟੀਜ਼ ਲਈ ਇਨਸੂਲਿਨ ਲੈਂਦੇ ਹਨ। ਇਹ ਉਦੋਂ ਵਰਤੀ ਜਾਂਦੀ ਹੈ ਜਦੋਂ ਵਿਅਕਤੀ ਚੀਨੀ ਨੂੰ ਨਿਗਲ ਨਹੀਂ ਸਕਦਾ ਹੈ।

# ਬਲੱਡ ਸ਼ੂਗਰ ਘੱਟ ਜਾਣ ਦੀ ਐਮਰਜੈਂਸੀ ਕਿਸੇ ਵੀ ਸਮੇਂ, ਕਿਤੇ ਵੀ ਹੋ ਸਕਦੀ ਹੈ

ਉਦਾਹਰਨ ਦੇ ਲਈ, ਇਹ ਸਥਿਤੀਆਂ ਉਦੋਂ ਵਾਪਰ ਸਕਦੀਆਂ ਹਨ ਜਦੋਂ ਤੁਸੀਂ ਖਾਣਾ ਨਹੀਂ ਖਾਂਦੇ ਹੋ, ਬਹੁਤ ਜ਼ਿਆਦਾ ਕਸਰਤ ਕਰਦੇ ਹੋ, ਲਈ ਗਈ ਇਨਸੂਲਿਨ ਦੀ ਮਾਤਰਾ ਲਈ ਲੋੜੀਂਦਾ ਭੋਜਨ ਨਹੀਂ ਖਾਂਦੇ ਹੋ, ਜਾਂ ਰਾਤ ਨੂੰ ਵੀ ਵਾਪਰ ਸਕਦੀਆਂ ਹਨ ਜਦੋਂ ਤੁਸੀਂ ਸੌਂਦੇ ਹੋ।

BAQSIMI ਨੱਕ ਰਾਹੀਂ ਲਿਆ ਜਾਣ ਵਾਲਾ ਸੁੱਕਾ ਪਾਊਡਰ ਹੈ ਜੋ ਬਲੱਡ ਸ਼ੂਗਰ ਦੇ ਘੱਟ ਜਾਣ ਦੀ ਐਮਰਜੈਂਸੀ ਦੇ ਦੌਰਾਨ ਤੁਹਾਡੇ ਆਲੇ ਦੁਆਲੇ ਦੇ ਲੋਕਾਂ ਦੁਆਰਾ ਦਿੱਤਾ ਜਾ ਸਕਦਾ ਹੈ।

## BAQSIMIਕੀ ਹੈ?

- BAQSIMI ਨੱਕ ਰਾਹੀਂ ਦਿੱਤੇ ਜਾਂਦੇ ਗਲੂਕਾਗੋਨ ਦਾ ਪਾਊਡਰ ਵਾਲਾ ਰੂਪ ਹੈ।

  **ਫਾਰਮੂਲੇਸ਼ਨ ਦੀ ਖੋਜ ਕੈਨੇਡਾ ਵਿੱਚ ਕੀਤੀ ਗਈ ਹੈ**

- ਟੀਕੇ ਰਾਹੀਂ ਲਏ ਜਾਂਦੇ ਗਲੂਕਾਗੋਨ ਦੇ ਉਲਟ, BAQSIMI ਵਰਤੋਂ ਲਈ ਤਿਆਰ ਦਵਾਈ ਹੈ ਅਤੇ ਇਸ ਨੂੰ ਮਿਲਾਉਣ ਜਾਂ ਮਾਪਣ ਦੀ ਜ਼ਰੂਰਤ ਨਹੀਂ ਹੁੰਦੀ ਹੈ।
- BAQSIMI ਨੂੰ ਸਾਹ ਰਾਹੀਂ ਅੰਦਰ ਖਿੱਚਣ ਦੀ ਜ਼ਰੂਰਤ ਨਹੀਂ ਹੁੰਦੀ।
- **BAQSIMI ਬਲੱਡ ਸ਼ੂਗਰ ਘੱਟ ਜਾਣ ਦੀ ਐਮਰਜੈਂਸੀ ਵਿੱਚ ਦਿੱਤੀ ਜਾ ਸਕਦੀ ਹੈ ਜਦੋਂ ਤੁਸੀਂ ਖਾ ਜਾਂ ਪੀ ਨਹੀਂ ਸਕਦੇ ਹੋ, ਭਾਵੇਂ ਤੁਸੀਂ ਬੇਹੋਸ਼ ਹੋਵੋ।**
- **ਜੇ ਤੁਹਾਨੂੰ ਜ਼ੁਕਾਮ ਹੈ ਜਾਂ ਤੁਸੀਂ ਜ਼ੁਕਾਮ ਦੀ ਦਵਾਈ ਲੈ ਰਹੇ ਹੋ ਤਾਂ ਵੀ ਤੁਸੀਂ BAQSIMI ਵਰਤ ਸਕਦੇ ਹੋ।**
- BAQSIMI ਨੂੰ ਫਰਿੱਜ ਵਿੱਚ ਰੱਖਣ ਦੀ ਜ਼ਰੂਰਤ ਨਹੀਂ ਹੁੰਦੀ। ਇਸ ਨੂੰ 30°C (86°F) ਤੱਕ ਦੇ ਤਾਪਮਾਨ 'ਤੇ ਸਟੋਰ ਕੀਤਾ ਜਾ ਸਕਦਾ ਹੈ।
- ਜਦੋਂ ਤੱਕ ਤੁਸੀਂ ਵਰਤੋਂ ਲਈ ਤਿਆਰ ਨਾ ਹੋਵੋ ਉਦੋਂ ਤੱਕ ਸ਼੍ਰਿੰਕ ਰੈਪ ਨਾ ਹਟਾਓ ਜਾਂ ਟਿਊਬ ਨਾ ਖੋਲ੍ਹੋ।

## BAQSIMI>ਕਦੋਂ ਵਰਤੀ ਜਾਂਦੀ ਹੈ?

- BAQSIMI ਉਦੋਂ ਵਰਤੀ ਜਾਂਦੀ ਹੈ ਜਦੋਂ ਤੁਹਾਨੂੰ ਬਲੱਡ ਸ਼ੂਗਰ ਘੱਟ ਜਾਣ ਦੀ ਐਮਰਜੈਂਸੀ ਹੋ ਰਹੀ ਹੋਵੇ ਅਤੇ ਤੁਸੀਂ ਖਾ ਜਾਂ ਪੀ ਨਾ ਸਕਦੇ ਹੋਵੋ, ਤੁਹਾਨੂੰ ਠੀਕ ਹੋਣ ਲਈ ਕਿਸੇ ਹੋਰ ਵਿਅਕਤੀ ਦੀ ਮਦਦ ਦੀ ਲੋੜ ਹੋਵੇ।
- ਇਹ ਮਹੱਤਵਪੂਰਨ ਹੈ ਕਿ ਤੁਹਾਡੇ ਆਲੇ-ਦੁਆਲੇ ਦੇ ਲੋਕ ਘੱਟ ਬਲੱਡ ਸ਼ੂਗਰ ਦੇ ਸੰਭਾਵੀ ਲੱਛਣਾਂ ਨੂੰ ਪਛਾਣਨ, ਤਾਂ ਜੋ ਉਹ ਮਦਦ ਲਈ ਤਿਆਰ ਹੋ ਸਕਣ।
- ਆਪਣੇ ਪਰਿਵਾਰ, ਦੋਸਤਾਂ, ਜਾਂ ਸਹਿਕਰਮੀਆਂ ਨੂੰ ਦੱਸੋ ਕਿ ਤੁਸੀਂ BAQSIMI ਕਿੱਥੇ ਰੱਖਦੇ ਹੋ ਅਤੇ ਇਹਨਾਂ ਨਿਰਦੇਸ਼ਾਂ ਬਾਰੇ ਦੱਸ ਕੇ ਇਹ ਸਮਝਾਓ ਕਿ ਇਸ ਦੀ ਵਰਤੋਂ ਕਿਵੇਂ ਕਰਨੀ ਹੈ। ਇਸ ਤੋਂ ਪਹਿਲਾਂ ਕਿ ਤੁਹਾਨੂੰ ਇਸ ਦੀ ਲੋੜ ਪਵੇ ਉਹਨਾਂ ਨੂੰ ਇਹ ਜਾਣਨ ਦੀ ਜ਼ਰੂਰਤ ਹੈ ਕਿ BAQSIMI ਦੀ ਵਰਤੋਂ ਕਿਵੇਂ ਕਰਨੀ ਹੈ।
- ਹਰ ਵਾਰ ਜਦੋਂ ਤੁਸੀਂ BAQSIMI ਦੀ ਵਰਤੋਂ ਕਰਦੇ ਹੋ ਆਪਣੇ ਡਾਕਟਰ ਨੂੰ ਦੱਸੋ। ਤੁਹਾਡੇ ਡਾਕਟਰ ਨੂੰ ਡਾਇਬਿਟੀਜ਼ ਲਈ ਦਵਾਈਆਂ ਦੀ ਤੁਹਾਡੀ ਖੁਰਾਕ ਨੂੰ ਵਿਵਸਥਿਤ ਕਰਨ ਦੀ ਲੋੜ ਹੋ ਸਕਦੀ ਹੈ।

### ਬਲੱਡ ਸ਼ੂਗਰ ਘੱਟ ਜਾਣ ਦੇ ਸੰਭਾਵੀ ਲੱਛਣਾਂ ਵਿੱਚ ਸ਼ਾਮਲ ਹਨ:




Baqsimi®
glucagon nasal powder 3 mg

# BAQSIMI ਨੂੰ ਕਿਵੇਂ ਵਰਤਣਾ ਹੈ?

ਵਰਤਣ ਤੋਂ ਪਹਿਲਾਂ **BAQSIMI** ਮਰੀਜ਼ ਲਈ ਦਵਾਈ ਬਾਰੇ ਜਾਣਕਾਰੀ ਪੜ੍ਹੋ।

---

**ਆਪਣੇ ਪਰਿਵਾਰ, ਦੋਸਤਾਂ, ਜਾਂ ਸਹਕਿਰਮੀਆਂ ਨੂੰ ਦੱਸੋ ਕਿ ਤੁਸੀਂ BAQSIMI ਕਿੱਥੇ ਰੱਖਦੇ ਹੋ ਅਤੇ ਇਹਨਾਂ ਨਿਰਦੇਸ਼ਾਂ ਬਾਰੇ ਦੱਸ ਕੇ ਇਹ ਸਮਝਾਓ ਕਿ ਇਸ ਦੀ ਵਰਤੋਂ ਕਿਵੇਂ ਕਰਨੀ ਹੈ।**

**ਇਸ ਤੋਂ ਪਹਿਲਾਂ ਕਿ ਤੁਹਾਨੂੰ ਇਸ ਦੀ ਲੋੜ ਪਵੇ ਉਹਨਾਂ ਨੂੰ ਇਹ ਜਾਣਨ ਦੀ ਜ਼ਰੂਰਤ ਹੈ ਕਿ BAQSIMI ਨੂੰ ਕਿਵੇਂ ਵਰਤਣਾ ਹੈ।**

---

**! ਜਦੋਂ ਤੱਕ ਤੁਸੀਂ ਵਰਤੋਂ ਲਈ ਤਿਆਰ ਨਾ ਹੋਵੋ ਉਦੋਂ ਤੱਕ ਸ਼੍ਰਿੰਕ ਰੈਪ ਨਾ ਹਟਾਓ ਜਾਂ ਟਿਊਬ ਨਾ ਖੋਲ੍ਹੋ।**

- ਵਰਤੋਂ ਤੋਂ ਪਹਿਲਾਂ ਡਿਵਾਈਸ ਨਾ ਜਾਂਚੋ, ਕਿਉਂਕਿ ਇਸ ਵਿੱਚ ਗਲੂਕਾਗੋਨ ਦੀ ਸਿਰਫ਼ ਇੱਕ ਖ਼ੁਰਾਕ ਹੁੰਦੀ ਹੈ ਅਤੇ ਇਹ ਸਿਰਫ਼ ਇੱਕ ਵਾਰ ਹੀ ਵਰਤੀ ਜਾ ਸਕਦੀ ਹੈ
- BAQSIMI ਨੂੰ ਸਿਰਫ਼ ਨੱਕ ਵਿੱਚ ਹੀ ਵਰਤੋ

## ਖ਼ੁਰਾਕ ਤਿਆਰ ਕਰਨੀ:

- ਲਾਲ ਪੱਟੀ ਤੋਂ ਖਿੱਚ ਕੇ ਸ਼੍ਰਿੰਕ ਰੈਪ ਹਟਾਓ
- ਢੱਕਣ ਖੋਲ੍ਹੋ ਅਤੇ ਡਿਵਾਈਸ ਨੂੰ ਟਿਊਬ ਵਿੱਚੋਂ ਕੱਢੋ
- **ਵਰਤੋਂ ਤੋਂ ਪਹਿਲਾਂ ਨਾ ਜਾਂਚੋ**


**ਸਾਵਧਾਨੀ: ਜਦੋਂ ਤੱਕ ਖ਼ੁਰਾਕ ਦੇਣ ਲਈ ਤਿਆਰ ਨਾ ਹੋਵੋ ਪਲੰਜਰ ਨਾ ਦਬਾਓ**




ਜਦੋਂ ਤੱਕ ਵਰਤੋਂ ਲਈ ਤਿਆਰ ਨਾ ਹੋਵੋ ਉਦੋਂ ਤੱਕ ਟਿਊਬ ਨੂੰ ਸੀਲ ਰੱਖੋ।

## ਖ਼ੁਰਾਕ ਦੇਣਾ:

- **ਡਿਵਾਈਸ ਨੂੰ** ਉਂਗਲਾਂ ਅਤੇ ਅੰਗੂਠੇ ਦੇ ਵਿਚਕਾਰ ਫੜੋ
- **ਨੱਕ ਵਿੱਚ ਪਾਉਣ ਤੋਂ ਪਹਿਲਾਂਪਲੰਜਰ ਨਾ ਦਬਾਓ। ਨਹੀਂ ਤਾਂ, ਡਿਵਾਈਸ ਵਿਚਲੀ ਇੱਕੋ-ਇੱਕ ਖ਼ੁਰਾਕ ਬਾਹਰ ਡੁੱਲ੍ਹ ਜਾਵੇਗੀ**




- **ਟਿੱਪ ਨੂੰ ਹੌਲੀ-ਹੌਲੀ ਉਦੋਂ ਤੱਕ ਨੱਕ ਦੀ ਇੱਕ ਮੋਰੀ ਅੰਦਰ ਪਾਓ** ਜਦੋਂ ਤੱਕ ਉਂਗਲ(ਲਾਂ) ਨੱਕ ਦੇ ਬਾਹਰੀ ਹਿੱਸੇ ਨਾਲ ਨਹੀਂ ਲੱਗਦੀ(ਆਂ)



- **ਪਲੰਜਰ ਨੂੰ ਜੋਰ ਨਾਲ ਧੱਕ** ਕੇ ਪੂਰਾ ਅੰਦਰ ਕਰ ਦਿਓ

**ਖ਼ੁਰਾਕ ਉਦੋਂ ਪੂਰੀ ਹੋ ਜਾਂਦੀ ਹੈ ਜਦੋਂ ਹਰੀ ਲਾਈਨ ਦਿਖਾਈ ਦੇਣੋ ਹਟ ਜਾਂਦੀ ਹੈ**



ਜਦੋਂ ਤੱਕ ਤੁਸੀਂ ਵਰਤੋਂ ਲਈ ਤਿਆਰ ਨਾ ਹੋਵੋ BAQSIMI ਨੂੰ ਸ਼੍ਰਿੰਕ-ਰੈਪ ਕੀਤੀ ਟਿਊਬ ਵਿੱਚ ਰੱਖੋ। ਜੇ ਟਿਊਬ ਨੂੰ ਖੋਲ੍ਹਿਆ ਗਿਆ ਹੈ, ਤਾਂ ਹੋ ਸਕਦਾ ਹੈ BAQSIMI ਨਮੀ ਦੇ ਸੰਪਰਕ ਵਿੱਚ ਆ ਜਾਵੇ। **ਇਸ ਦੇ ਕਾਰਨ ਹੋ ਸਕਦਾ ਹੈ ਕਿ ਇਹ ਉਮੀਦ ਅਨੁਸਾਰ ਕੰਮ ਨਾ ਕਰੇ।**

BAQSIMI ਦੀ ਵਰਤੋਂ ਕਰਨ ਦੇ ਤਰੀਕੇ ਬਾਰੇ ਵੀਡੀਓ ਦੇਖਣ ਲਈ**BAQSIMI.ca 'ਤੇ ਜਾਓ।**

Baqsimi®
glucagon nasal powder 3 mg

### ਖੁਰਾਕ ਦੇਣ ਤੋਂ ਬਾਅਦ:

ਨੱਕ ਵਿੱਚੋਂ ਟਿੱਪ ਕੱਢੋ ਅਤੇ ਵਰਤੇ ਗਏ ਡਿਵਾਈਸ ਅਤੇ ਟਿਊਬ ਨੂੰ ਸੁੱਟ ਦਿਓ।

**ਤੁਰੰਤ ਡਾਕਟਰੀ ਮਦਦ ਲਈ ਕਾਲ ਕਰੋ।**

ਜੇ ਘੱਟ ਬਲੱਡ ਸ਼ੂਗਰ ਵਾਲਾ ਵਿਅਕਤੀ ਬੇਹੋਸ਼ ਹੈ, ਤਾਂ ਉਸ ਵਿਅਕਤੀ ਨੂੰ ਉਸ ਦੇ ਪਾਸੇ 'ਤੇ ਲਿਟਾਓ।

BAQSIMI ਪ੍ਰਤੀ ਗੰਭੀਰ ਐਲਰਜੀ ਪ੍ਰਤੀਕਿਰਿਆ, ਜਿਵੇਂ ਕਿ ਹੇਠਾਂ ਦਿੱਤੀਆਂ ਗਈਆਂ ਹਨ, ਹੋਣ ਦੀ ਸਥਿਤੀ ਵਿੱਚ ਤੁਰੰਤ ਡਾਕਟਰੀ ਸਹਾਇਤਾ ਲਈ ਕਾਲ ਕਰਨਾ ਚਾਹੀਦਾ ਹੈ:

- ਧੱਫੜ
- ਸਾਹ ਲੈਣ ਵਿੱਚ ਮੁਸ਼ਕਲ
- ਸੁੱਜਿਆ ਚਿਹਰਾ, ਬੁੱਲ੍ਹ, ਜੀਭ ਜਾਂ ਗਲਾ

ਮਰੀਜ਼ ਆਮ ਤੌਰ 'ਤੇ 15 ਮਿੰਟਾਂ ਦੇ ਅੰਦਰ-ਅੰਦਰ ਪ੍ਰਤੀਕਿਰਿਆ ਕਰਦੇ ਹਨ। **ਜਿਵੇਂ ਹੀ ਉਹ ਸੁਰੱਖਿਅਤ ਤਰੀਕੇ ਨਾਲ ਨਿਗਲਣ ਦੇ ਕਾਬਲ ਹੋਣ ਵਿਅਕਤੀ ਨੂੰ ਖਾਣ ਲਈ ਉਤਸ਼ਾਹਿਤ ਕਰੋ।** ਵਿਅਕਤੀ ਨੂੰ ਚੀਨੀ ਦਾ ਤੇਜ਼ੀ ਨਾਲ ਕੰਮ ਕਰਨ ਵਾਲਾ ਸਰੋਤ ਦਿਓ, ਜਿਵੇਂ ਜੂਸ ਜਾਂ ਨਿਯਮਿਤ ਸੋਡਾ। ਫਿਰ ਵਿਅਕਤੀ ਨੂੰ ਚੀਨੀ ਦਾ ਲੰਮੇ ਸਮੇਂ ਲਈ ਕੰਮ ਕਰਨ ਵਾਲਾ ਸਰੋਤ ਦਿਓ, ਜਿਵੇਂ ਕਰੈਕਰਜ਼ ਅਤੇ ਚੀਜ਼ ਜਾਂ ਮੀਟ ਵਾਲਾ ਸੈਂਡਵਿਚ।

**ਸਾਵਧਾਨੀ: ਵਰਤੀ ਗਈ BAQSIMI ਨੂੰ ਤਰੁੰਤ ਬਦਲੋ ਤਾਂ ਜੋ ਜ਼ਰੂਰਤ ਪੈਣ 'ਤੇ ਤੁਹਾਡੇ ਕੋਲ ਨਵੀਂ BAQSIMI ਹੋਵੇ।**




## BAQSIMIਬਾਰੇ ਮੁਢਲੀ ਜਾਣਕਾਰੀ

**! ਟਿਊਬ ਨੂੰ ਉਦੋਂ ਤੱਕ ਸੀਲ ਰੱਖੋ ਜਦੋਂ ਤੱਕ ਤੁਸੀਂ ਵਰਤੋਂ ਲਈ ਤਿਆਰ ਨਹੀਂ ਹੋ। ਨਮੀ ਦੇ ਸੰਪਰਕ ਵਿੱਚ ਆਉਣ ਦੇ ਕਾਰਨ ਹੋ ਸਕਦਾ ਹੈ ਕਿ BAQSIMI ਉਮੀਦ ਅਨੁਸਾਰ ਕੰਮ ਨਾ ਕਰੇ**

- ਹਰੇਕ BAQSIMI ਡਿਵਾਈਸ ਵਿੱਚ ਗਲੂਕਾਗੋਨ ਨੱਕ ਰਾਹੀਂ ਲਏ ਜਾਣ ਵਾਲੇ ਪਾਊਡਰ ਦੀ 1 ਖੁਰਾਕ (3 ਮਿਲੀਗ੍ਰਾਮ) ਹੁੰਦੀ ਹੈ ਅਤੇ ਸਿਰਫ਼ ਇੱਕ ਵਾਰ ਹੀ ਵਰਤੀ ਜਾ ਸਕਦੀ ਹੈ
- BAQSIMI ਸਿਰਫ਼ ਨੱਕ ਰਾਹੀਂ ਵਰਤੋਂ ਲਈ ਹੀ ਹੈ
- BAQSIMI ਨੂੰ ਇਸ ਦੀ ਮਿਆਦ ਖਤਮ ਹੋਣ ਦੀ ਤਾਰੀਖ ਤੋਂ ਬਾਅਦ ਨਹੀਂ ਵਰਤਿਆ ਜਾਣਾ ਚਾਹੀਦਾ
- ਆਪਣੇ ਨਜ਼ਦੀਕੀ ਲੋਕਾਂ ਨੂੰ ਇਹ ਦੱਸਣਾ ਯਾਦ ਰੱਖੋ ਕਿ ਤੁਸੀਂ BAQSIMI ਕਿੱਥੇ ਰੱਖਦੇ ਹੋ

**BAQSIMI ਆਪਣੇ ਨਾਲ ਰੱਖੋ ਅਤੇ BAQSIMI ਨੂੰ ਉਹਨਾਂ ਥਾਂਵਾਂ 'ਤੇ ਵੀ ਰੱਖੋ ਜਿੱਥੇ ਤੁਸੀਂ ਜ਼ਿਆਦਾ ਸਮਾਂ ਬਿਤਾਉਂਦੇ ਹੋ - ਜਿਵੇਂ ਘਰ, ਕੰਮ ਅਤੇ ਸਕੂਲ।**

ਤੁਹਾਡੇ BAQSIMI ਨੁਸਖੇ ਨਾਲ ਤੁਹਾਨੂੰ ਦਿੱਤੀਆਂ ਹਦਾਇਤਾਂ ਨੂੰ ਪੜ੍ਹਨਾ ਯਾਦ ਰੱਖੋ। ਵਧੇਰੇ ਜਾਣਕਾਰੀ ਲਈ, **BAQSIMI.ca** 'ਤੇ ਜਾਓ

Baqsimi®
glucagon nasal powder 3 mg

# ਸਾਡੇ ਕੋਲ ਤੁਹਾਡੀ BAQSIMI ਹੈ!

**ਕੁਝ ਉਪਯੋਗੀ ਸਾਧਨਾਂ ਅਤੇ ਸਰੋਤਾਂ ਲਈ BAQSIMI.ca ‘ਤੇ ਜਾਓ**

### BAQSIMI ਦੀ ਵਰਤੋਂ ਕਿਵੇਂ ਕਰਨੀ ਹੈ ਇਹ ਜਾਣੋ ਅਤੇ ਦਿਖਾਓ

ਇੱਕ ਹਦਾਇਤੀ ਵੀਡੀਓ ਦੇਖੋ ਜੋ ਤੁਹਾਨੂੰ ਦਿਖਾਏਗਾ ਕਿ BAQSIMI ਕਿਵੇਂ ਦੇਣੀ ਹੈ

### ਮਿਆਦ ਸਮਾਪਤੀ ਦਾ ਰੀਮਾਈਂਡਰ

BAQSIMI.ca ‘ਤੇ ਇੱਕ ਰੀਮਾਈਂਡਰ ਲਗਾਓ, ਜੋ ਤੁਹਾਡੀ BAQSIMI ਦੀ ਮਿਆਦ ਖਤਮ ਹੋਣ ਦਾ ਸਮਾਂ ਨੇੜੇ ਆਉਣ ‘ਤੇ ਤੁਹਾਨੂੰ ਸੂਚਿਤ ਕਰੇਗਾ

### ਸਾਧਨ ਅਤੇ ਸਰੋਤ

ਉਪਯੋਗੀ BAQSIMI ਸਾਧਨਾਂ ਅਤੇ ਸਰੋਤਾਂ ਨੂੰ ਡਾਊਨਲੋਡ ਕਰੋ

### ਅਕਸਰ ਪੁੱਛੇ ਜਾਂਦੇ ਪ੍ਰਸ਼ਨ

ਕੀ ਤੁਹਾਡੇ ਕੋਈ ਪ੍ਰਸ਼ਨ ਹਨ? ਸਾਡਾ ਅਕਸਰ ਪੁੱਛੇ ਜਾਂਦੇ ਪ੍ਰਸ਼ਨ ਭਾਗ ਵੇਖੋ!

**BAQSIMI.ca ਤੱਕ ਪਹੁੰਚ ਕਰਨ ਲਈ ਉੱਪਰ ਦਿੱਤੇ QR ਕੋਡ ਨੂੰ ਕਲਿੱਕ ਜਾਂ ਸਕੈਨ ਕਰੋ**



# ਆਪਣੇ ਫ਼ੋਨ ਦੀ ਲਾਕ ਸਕ੍ਰੀਨ ‘ਤੇ ਆਪਣੀ ਮੈਡੀਕਲ ਆਈਡੀ ਸ਼ਾਮਲ ਕਰੋ

### iPhones ਲਈ

1. ਆਪਣੇ ਫ਼ੋਨ ‘ਤੇ Health ਐਪ ਖੋਲ੍ਹੋ
2. Medical ID ਟੈਬ ‘ਤੇ ਟੈਪ ਕਰੋ, ਫਿਰ Edit ‘ਤੇ ਟੈਪ ਕਰੋ
3. ਉਹ ਡਾਕਟਰੀ ਜਾਣਕਾਰੀ ਦਾਖਲ ਕਰੋ ਜੋ ਤੁਸੀਂ ਚਾਹੁੰਦੇ ਹੋ ਕਿ ਕਿਸੇ ਐਮਰਜੈਂਸੀ ਵਿੱਚ ਲੋਕਾਂ ਨੂੰ ਪਤਾ ਚੱਲੇ
4. ਸਕ੍ਰੀਨ ਦੇ ਉੱਪਰਲੇ ਭਾਗ ‘ਤੇ Show When Locked ਟੌਗਲ ਨੂੰ ਸਲਾਈਡ ਕਰੋ ਜਦੋਂ ਤੱਕ ਇਹ ਹਰਾ ਨਹੀਂ ਹੋ ਜਾਂਦਾ
5. ਹੋ ਗਿਆ ‘ਤੇ ਟੈਪ ਕਰੋ

### Android ਫ਼ੋਨਾਂ ਲਈ

1. Settings ਐਪ ਨੂੰ ਖੋਲ੍ਹੋ
2. About phone ‘ਤੇ ਟੈਪ ਕਰੋ ਅਤੇ ਫਿਰ Emergency information ‘ਤੇ ਟੈਪ ਕਰੋ
   a. ਜੇ ਤੁਹਾਨੂੰ ਐਮਰਜੈਂਸੀ ਜਾਣਕਾਰੀ ਦਿਖਾਈ ਨਹੀਂ ਦੇ ਰਹੀ ਹੈ, ਤਾਂ ਵਾਪਸ ਜਾਓ ਅਤੇ Users & account ‘ਤੇ ਟੈਪ ਕਰੋ, ਅਤੇ ਫਿਰ Emergency information ‘ਤੇ ਟੈਪ ਕਰੋ
3. ਉਹ ਡਾਕਟਰੀ ਜਾਣਕਾਰੀ ਦਾਖਲ ਕਰੋ ਜੋ ਤੁਸੀਂ ਚਾਹੁੰਦੇ ਹੋ ਕਿ ਕਿਸੇ ਐਮਰਜੈਂਸੀ ਵਿੱਚ ਲੋਕਾਂ ਨੂੰ ਪਤਾ ਚੱਲੇ
4. Save ‘ਤੇ ਟੈਪ ਕਰੋ

ਹੁਣ ਲਾਕ ਸਕ੍ਰੀਨ ‘ਤੇ ਉੱਪਰ ਵੱਲ ਸਵਾਈਪ ਕਰਕੇ ਅਤੇ Emergency ‘ਤੇ ਟੈਪ ਕਰਕੇ, ਤੁਹਾਡੀ ਡਾਕਟਰੀ ਜਾਣਕਾਰੀ ਤੱਕ ਅਸਾਨੀ ਨਾਲ ਪਹੁੰਚ ਕੀਤੀ ਜਾ ਸਕਦੀ ਹੈ।

Baqsimi®
glucagon nasal powder 3 mg

## ਗੰਭੀਰ ਚੇਤਾਵਨੀਆਂ ਅਤੇ ਸਾਵਧਾਨੀਆਂ

BAQSIMI ਸਿਰਫ਼ ਤਾਂ ਹੀ ਦਿੱਤੀ ਜਾਣੀ ਚਾਹੀਦੀ ਹੈ ਜਦੋਂ ਵਿਅਕਤੀ ਟਾਫੀ ਜਾਂ ਸੰਤਰੇ ਦਾ ਜੂਸ ਜਿਹੇ ਰੂਪ ਵਿੱਚ ਚੀਨੀ ਨੂੰ ਨਿਗਲਣ ਵਿੱਚ ਅਸਮਰੱਥ ਹੈ। BAQSIMI ਦੇਣ ਤੋਂ ਬਾਅਦ, ਤੁਰੰਤ ਡਾਕਟਰੀ ਮਦਦ ਲਈ ਕਾਲ ਕਰੋ। ਮਰੀਜ਼ ਆਮ ਤੌਰ ਤੇ 15 ਮਿੰਟ ਦੇ ਅੰਦਰ BAQSIMI ਪ੍ਰਤੀ ਪ੍ਰਤਿਕਿਰਿਆ ਕਰਦੇ ਹਨ। ਡਾਕਟਰੀ ਸਹਾਇਤਾ ਦੀ ਉਡੀਕ ਕਰੋ; ਉਹਨਾਂ ਨੂੰ ਵਿਅਕਤੀ ਨੂੰ ਨਾੜੀ ਵਿੱਚ ਗਲੂਕੋਜ਼ ਦੇਣ ਦੀ ਲੋੜ ਹੋ ਸਕਦੀ ਹੈ। ਜਦੋਂ ਵਿਅਕਤੀ ਪ੍ਰਤਿਕਿਰਿਆ ਕਰਦਾ ਹੈ, ਜਿਵੇਂ ਹੀ ਉਹ ਸੁਰੱਖਿਅਤ ਤਰੀਕੇ ਨਾਲ ਨਿਗਲਣ ਦੇ ਯੋਗ ਹੋ ਜਾਵੇ ਉਸ ਨੂੰ ਖਾਣ ਲਈ ਕੁਝ ਦਿਓ।

ਜੇ ਵਿਅਕਤੀ ਦੇ ਜਿਗਰ ਵਿੱਚ ਲੋੜੀਂਦਾ ਗਲੂਕੋਜ਼ ਨਹੀਂ ਹੈ ਤਾਂ BAQSIMI ਮਦਦ ਨਹੀਂ ਕਰੇਗੀ। ਇਹਨਾਂ ਮਾਮਲਿਆਂ ਵਿੱਚ ਨਾੜੀ ਦੇ ਰਾਹੀਂ (IV) ਗਲੂਕੋਜ਼ ਦਿੱਤਾ ਜਾਣਾ ਚਾਹੀਦਾ ਹੈ। ਇਹ ਉਦੋਂ ਹੋ ਸਕਦਾ ਹੈ ਜੇ:

- ਉਹਨਾਂ ਨੇ ਲੰਬੇ ਸਮੇਂ ਤੋਂ ਕੁਝ ਖਾਧਾ ਨਹੀਂ ਹੈ
- ਉਹਨਾਂ ਨੂੰ ਕੋਈ ਅਜਿਹੀ ਬਿਮਾਰੀ ਹੈ ਜੋ ਉਹਨਾਂ ਦੇ ਐਡਰੀਨਲ ਗਲੈਂਡ ਤੋਂ ਲੋੜੀਂਦਾ ਹਾਰਮੋਨ ਬਣਨ ਨੂੰ ਰੋਕਦੀ ਹੈ (ਇਸ ਨੂੰ ਐਡਰੀਨਲ ਕਮੀ ਕਹਿੰਦੇ ਹਨ)
- ਉਹਨਾਂ ਨੂੰ ਲੰਬੇ ਸਮੇਂ ਤੋਂ ਘੱਟ ਬਲੱਡ ਸ਼ੂਗਰ ਦੀ ਬਿਮਾਰੀ ਹੈ

## ਕਿਸ ਨੂੰ BAQSIMI ਦੀ ਵਰਤੋਂ ਨਹੀਂ ਕਰਨੀ ਚਾਹੀਦੀ?

- ਉਹ ਲੋਕ ਜਿਨ੍ਹਾਂ ਨੂੰ ਗਲੂਕਾਗੋਨ ਤੋਂ, ਜਾਂ BAQSIMI ਦੀ ਕਿਸੇ ਵੀ ਹੋਰ ਸਮੱਗਰੀ ਤੋਂ ਐਲਰਜੀ ਹੈ
- ਉਹ ਲੋਕ ਜਿਨ੍ਹਾਂ ਦੇ ਗੁਰਦਿਆਂ ਦੇ ਉੱਪਰ ਇੱਕ ਜਾਂ ਦੋਵਾਂ ਗਲੈਂਡਜ਼ (ਐਡਰੀਨਲ ਗਲੈਂਡਜ਼) ਵਿੱਚ ਟਿਊਮਰ ਹੈ ਜਿਸ ਨੂੰ ਫਿਓਕਰੋਮੋਸਾਈਟੋਮਾ ਕਹਿੰਦੇ ਹਨ
- ਉਹ ਲੋਕ ਜਿਨ੍ਹਾਂ ਦੇ ਪੈਨਕ੍ਰੀਆਸ ਵਿੱਚ ਟਿਊਮਰ ਹੈ, ਜਿਸ ਨੂੰ ਇਨਸੁਲਿਨੋਮਾ ਕਹਿੰਦੇ ਹਨ

## BAQSIMI ਦੇ ਸੰਭਾਵੀ ਮਾੜੇ ਪ੍ਰਭਾਵ ਕੀ ਹਨ?

ਇਹ ਉਹ ਸਾਰੇ ਸੰਭਾਵੀ ਮਾੜੇ ਪ੍ਰਭਾਵ ਨਹੀਂ ਹਨ ਜੋ ਤੁਸੀਂ BAQSIMI ਲੈਂਦੇ ਸਮੇਂ ਮਹਿਸੂਸ ਕਰ ਸਕਦੇ ਹੋ। ਜੇ ਤੁਸੀਂ ਕੋਈ ਅਜਿਹੇ ਮਾੜੇ ਪ੍ਰਭਾਵ ਮਹਿਸੂਸ ਕਰਦੇ ਹੋ ਜੋ ਇੱਥੇ ਸੂਚੀਬੱਧ ਨਹੀਂ ਹਨ, ਤਾਂ ਆਪਣੇ ਸਿਹਤ ਸੰਭਾਲ ਪੇਸ਼ੇਵਰ ਨਾਲ ਸੰਪਰਕ ਕਰੋ।

- ਮਤਲੀ, ਉਲਟੀਆਂ, ਪੇਟ ਵਿੱਚ ਦਰਦ ਜਾਂ ਬੇਆਰਾਮੀ
- ਸਾਹ ਨਲੀ ਦੇ ਉੱਪਰਲੇ ਹਿੱਸੇ ਵਿੱਚ ਜਲੂਣ ਜਿਸ ਵਿੱਚ ਛਿੱਕਾਂ ਆਉਣਾ, ਨੱਕ ਵਗਣਾ ਜਾਂ ਭਰਿਆ ਹੋਣਾ, ਨੱਕ ਵਿੱਚ ਖੂਨ ਆਉਣਾ ਜਾਂ ਬੇਆਰਾਮੀ, ਖੰਘ, ਗਲੇ ਵਿੱਚ ਖਰਾਸ਼ ਸ਼ਾਮਲ ਹਨ
- ਸਿਰ ਦਰਦ, ਕਮਜ਼ੋਰੀ, ਥਕਾਵਟ, ਉਨੀਂਦਰਾਪਣ
- ਪਾਣੀ ਭਰੀਆਂ, ਲਾਲ ਜਾਂ ਖਾਰਸ਼ਦਾਰ ਅੱਖਾਂ
- ਕੰਨ, ਚਿਹਰੇ ਜਾਂ ਗਰਦਨ ਵਿੱਚ ਦਰਦ
- ਸੁਆਦ ਜਾਂ ਗੰਧ ਦੇ ਅਹਿਸਾਸ ਵਿੱਚ ਬਦਲਾਅ
- ਧਿਆਨ ਦੀ ਕਮੀ, ਉਲਝਣ, ਬੇਚੈਨੀ
- ਖਾਰਸ਼ਦਾਰ ਚਮੜੀ, ਪਸੀਨਾ ਵਧਣਾ
- ਦਿਲ ਦੀ ਧੜਕਣ ਅਤੇ ਬਲੱਡ ਪ੍ਰੈਸ਼ਰ ਦਾ ਵਧਣਾ

## ਜੇ ਤੁਹਾਨੂੰ ਹੇਠ ਦਿੱਤੇ ਮਾੜੇ ਪ੍ਰਭਾਵ ਹੁੰਦੇ ਹਨ, ਤਾਂ BAQSIMI ਲੈਣੀ ਬੰਦ ਕਰ ਦਿਓ ਅਤੇ ਤੁਰੰਤ ਡਾਕਟਰੀ ਸਹਾਇਤਾ ਲਓ:

**ਐਲਰਜੀ ਵਾਲੀ ਪ੍ਰਤਿਕਿਰਿਆ (ਐਨਾਫਾਈਲੈਕਸਿਸ):** ਘਰਘਰਾਹਟ ਦੀ ਆਵਾਜ਼ ਜਾਂ ਸਾਹ ਲੈਣ ਜਾਂ ਨਿਗਲਣ ਵਿੱਚ ਮੁਸ਼ਕਲ। ਪਸੀਨਾ ਆਉਣਾ, ਧੱਫੜ, ਛਪਾਕੀ, ਸੁੱਜਿਆ ਚਿਹਰਾ, ਬੁੱਲ੍ਹ, ਜੀਭ ਜਾਂ ਗਲਾ। ਦਿਲ ਦੀ ਤੇਜ਼ ਧੜਕਣ, ਬੇਹੋਸ਼ੀ ਜਾਂ ਘੱਟ ਬਲੱਡ ਪ੍ਰੈਸ਼ਰ।

# Baqsimi®

ਗਲੂਕਾਗੋਨ ਨੱਕ ਰਾਹੀਂ ਲਿਆ ਜਾਣ ਵਾਲਾ ਪਾਊਡਰ 3 ਮਿਲੀਗ੍ਰਾਮ

**ਗੰਭੀਰ ਤੌਰ ਤੇ ਘੱਟ ਹੈ? ਇਸ ਨੂੰ ਨੱਕ ਵਿੱਚ ਸਪਰੇਅ ਕਰੋ!**




**ਫਾਰਮੂਲੇਸ਼ਨ ਦੀ ਖੋਜ ਕੈਨੇਡਾ ਵਿੱਚ ਕੀਤੀ ਗਈ ਹੈ**


BAQSIMI® ਇੱਕ ਟ੍ਰੇਡਮਾਰਕ ਹੈ ਜਿਸ ਦੀ ਮਲਕੀਅਤ ਜਾਂ ਲਾਇਸੰਸ Eli Lilly and Company, ਇਸ ਦੀਆਂ ਸਹਾਇਕ ਕੰਪਨੀਆਂ, ਜਾਂ ਸਹਿਯੋਗੀ ਕੰਪਨੀਆਂ ਕੋਲ ਹੈ।

PP-GN-CA-0011/P © Lilly LLC 2020. ਸਾਰੇ ਹੱਕ ਰਾਖਵੇਂ ਹਨ।